## ਤੁਹਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ

ਇਹ ਨਿਯੁਕਤ ਕੀਤੇ ਅਫ਼ਸਰ ਵਲੋਂ ਇਕ ਸਰਕਾਰੀ ਬੇਨਤੀ ਹੈ। ਹਰ ਪ੍ਰਤਿਵਾਦੀ ਜਿਸ ਉੱਤੇ ਕਿਸੇ ਅਪਰਾਧ ਲਈ ਮੁਕੱਦਮਾ ਚਲਾਇਆ ਜਾਂਦਾ ਹੈ, ਨੂੰ ਪੁੱਛੇ ਜਾਣ 'ਤੇ ਮਾਲੀ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ।

ਇਕ ਸਰਕਾਰੀ ਬੇਨਤੀ ਤੋਂ ਮਗਰੋਂ ਅਦਾਲਤ ਨੂੰ ਸੰਪਤੀਆਂ ਅਤੇ ਹੋਰ ਮਾਲੀ ਹਾਲਾਤ ਦਾ ਬਿਆਨ ਨਾ ਦੇਣਾ ਇਕ ਅਪਰਾਧ ਹੈ। ਇਕ ਬੇਨਤੀ ਮਗਰੋਂ ਅਦਾਲਤ ਨੂੰ ਆਪਣੀਆਂ ਸੰਪਤੀਆਂ ਅਤੇ ਮਾਲੀ ਹਾਲਾਤ ਦਾ ਬਿਆਨ ਦੇਣ ਵੇਲੇ, ਹੇਠ ਲਿਖਿਆ ਕਰਨਾ ਇਕ ਅਪਰਾਧ ਹੈ:

- ਇਕ ਝੂਠਾ ਬਿਆਨ ਦੇਣਾ
- ਜਾਣਬੁੱਝ ਕੇ ਅਹਿਮ ਸਚਾਈਆਂ ਦਾ ਖੁਲਾਸਾ ਨਾ ਕਰਨ ਵਿੱਚ ਅਸਫਲ ਰਹਿਣਾ

ਅਦਾਲਤ ਦੇ ਆਦੇਸ਼ ਮੁਤਾਬਕ ਜੁਰਮਾਨਾ ਅਤੇ ਹੋਰ ਮਾਲੀ ਦੰਡਾਂ ਦਾ ਭੁਗਤਾਨ ਦੇਣਯੋਗ ਹੁੰਦਾ ਹੈ, ਇਹ ਦੰਡ ਲਗਾਏ ਜਾਣ ਦੇ ਦਿਨ ਹੋ ਸਕਦਾ ਹੈ। ਇਹਨਾਂ ਦਾ ਭੁਗਤਾਨ ਇਸ ਰਾਹੀਂ ਕੀਤਾ ਜਾ ਸਕਦਾ ਹੈ: www.gov.uk/pay-court-fine-online 'ਤੇ ਔਨਲਾਇਨ ਕ੍ਰੈਡਿਟ ਜਾਂ ਡੈਬਿਟ ਕਾਰਡ, ਟੈਲੀਫ਼ੋਨ ਦੁਆਰਾ (ਸਮੇਤ ਅਦਾਲਤ ਵਿਖੇ ਸਮਰਪਿਤ ਲਾਈਨਾਂ ਤੋਂ), ਭੁਗਤਾਨ ਕਾਰਡ ਰਾਹੀਂ, ਸਟੈਂਡਿੰਗ ਆਰਡਰ ਜਾਂ ਡਾਇਰੈਕਟ ਡੈਬਿਟ ਰਾਹੀਂ।

ਕਿਸੇ ਵੀ ਜੁਰਮਾਨਿਆਂ ਜਾਂ ਦੂਜੇ ਮਾਲੀ ਦੰਡਾਂ ਦੀ ਰਕਮ ਦਾ ਫੈਸਲਾ ਕਰਨ ਵਿੱਚ, ਅਦਾਲਤ ਤੁਹਾਡੀਆਂ ਸੰਪਤੀਆਂ ਸਮੇਤ ਤੁਹਾਡੇ ਮਾਲੀ ਹਾਲਾਤ ਬਾਰੇ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਧਿਆਨ ਵਿੱਚ ਰੱਖੇਗੀ। ਕੋਈ ਜੁਰਮਾਨਾ ਲਗਾਉਣ ਅਤੇ ਲਾਗੂ ਕਰਨ ਵੇਲੇ ਤੁਹਾਡੇ ਤੇ ਕੋਈ ਵੀ ਹੋਰ ਬਕਾਇਆ ਜੁਰਮਾਨਾ ਵੀ ਧਿਆਨ ਵਿੱਚ ਰੱਖਿਆ ਜਾਵੇਗਾ। ਖਰਚਾ ਵਿਭਾਗ ਵਿੱਚ ਬਾਕੀ ਜਾਣਕਾਰੀ ਸਿਰਫ਼ ਉਦੋਂ ਸਬੰਧਤ ਹੁੰਦੀ ਹੈ ਜੇ ਤੁਸੀਂ ਉਸ ਦਿਨ ਪੂਰਾ ਭੁਗਤਾਨ ਨਹੀਂ ਕਰ ਸਕਦੇ ਹੋ। ਤੁਸੀਂ ਭੁਗਤਾਨ ਕਰਨ ਵਾਸਤੇ ਅਦਾਲਤ ਤੋਂ ਵਾਧੂ ਸਮਾਂ ਮਨਜ਼ੂਰ ਕਰਨ ਦੀ ਬੇਨਤੀ ਕਰ ਸਕਦੇ ਹੋ, ਜਿਸ ਉੱਤੇ ਅਦਾਲਤ ਵਿਚਾਰ ਕਰੇਗੀ ਪਰ ਜ਼ਰੂਰੀ ਨਹੀਂ ਕਿ ਇਸ ਨੂੰ ਪ੍ਰਵਾਨ ਕਰੇ।

**ਜੇ ਤੁਸੀਂ ਹੁਕਮ ਦੇ ਮੁਤਾਬਕ ਭੁਗਤਾਨ ਨਹੀਂ ਕਰਦੇ ਹੋ, ਤਾਂ ਤੁਹਾਨੂੰ ਜੇਲ ਭੇਜਿਆ ਜਾ ਸਕਦਾ ਹੈ।**



## ਬਾਹਰੀ ਸਲਾਹ

ਜੇ ਤੁਹਾਨੂੰ ਆਪਣੇ ਕਾਨੂੰਨੀ ਹੱਕਾਂ ਬਾਰੇ, ਆਪਣੇ ਉਧਾਰ ਦਾ ਪ੍ਰਬੰਧਨ ਕਰਨ ਬਾਰੇ ਜਾਂ ਜੁਰਮਾਨਿਆਂ ਜਾਂ ਆਪਣੇ ਜੁਰਮਾਨਿਆਂ ਦਾ ਭੁਗਤਾਨ ਨਾ ਕਰਨ ਦੇ ਸੰਭਾਵੀ ਨਤੀਜਿਆਂ ਬਾਰੇ ਨਿਰਪੱਖ, ਬਾਹਰੀ ਸਲਾਹ ਚਾਹੀਦੀ ਹੈ, ਤਾਂ ਤੁਸੀਂ ਸੰਪਰਕ ਕਰ ਸਕਦੇ ਹੋ:

- ਨੈਸ਼ਨਲ ਡੈੱਟ ਲਾਈਨ (National Debt Line): 0808 8084000 ਜਾਂ www.nationaldebtline.co.uk
- ਸਿਟੀਜ਼ਨ ਅਡਵਾਈਜ਼ (Citizens Advice): www.citizensadvice.org.uk

## ਇਸ ਫ਼ਾਰਮ ਨੂੰ ਭਰ ਕੇ ਵਾਪਸ ਭੇਜਣਾ

ਸੰਪਤੀਆਂ ਅਤੇ ਹੋਰ ਮਾਲੀ ਹਾਲਾਤ ਦੇ ਤੁਹਾਡੇ ਬਿਆਨ ਨੂੰ ਤੁਹਾਡੀ ਸੁਣਵਾਈ ਤੋਂ ਪਹਿਲਾਂ ਵਾਪਸ ਕੀਤਾ ਜਾ ਸਕਦਾ ਹੈ। ਇਹ ਡਾਕ ਦੁਆਰਾ ਭੇਜਿਆ ਜਾਣਾ ਚਾਹੀਦਾ ਹੈ ਜਾਂ ਅਦਾਲਤ ਵਿੱਚ ਵਿਅਕਤੀਗਤ ਤੌਰ 'ਤੇ ਦਿੱਤਾ ਜਾਣਾ ਚਾਹੀਦਾ ਹੈ ਜਿੱਥੇ ਤੁਹਾਡਾ ਮਾਮਲਾ ਸੁਣਿਆ ਜਾਵੇਗਾ। ਅਦਾਲਤ ਦਾ ਪਤਾ ਸਰਕਾਰੀ ਸਮਨਾਂ/ਦੋਸ਼/ਬੇਨਤੀ ਫ਼ਾਰਮ ਉੱਤੇ ਮਿਲ ਸਕਦਾ ਹੈ ਜਾਂ ਤੁਹਾਡੇ ਸਥਾਨਕ ਜੱਜ ਦੀ ਅਦਾਲਤ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਈਮੇਲਾਂ ਜਾਂ ਟੈਲੀਫ਼ੋਨ ਰਾਹੀਂ ਜਵਾਬ ਸਵੀਕਾਰ ਨਹੀਂ ਕੀਤੇ ਜਾਂਦੇ।

ਤੁਹਾਨੂੰ ਆਪਣੀ ਮਾਲੀ ਸਥਿਤੀਆਂ, ਦਾ **ਸਬੂਤ ਮੁਹੱਈਆ ਕਰਨ** ਦੀ ਲੋੜ ਹੋ ਸਕਦੀ ਹੈ, ਉਦਾਹਰਣ ਲਈ, ਪੇਅਸਲਿਪ, ਬੈਨਿਫ਼ਿਟ ਪੁਸਤਕਾਂ, ਬਿੱਲ। ਇਸ ਲਈ, ਤੁਹਾਨੂੰ ਆਪਣੀ ਸੁਣਵਾਈ ਦੇ ਦਿਨ ਤੇ ਇਹਨਾਂ ਦੀਆਂ ਨਕਲਾਂ ਆਪਣੇ ਨਾਲ ਲਿਆਉਣੀਆਂ ਚਾਹੀਦੀਆਂ ਹਨ।

ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਅਦਾਲਤ, ਜਾਂ ਅਦਾਲਤ ਦੇ ਨਿਰਦੇਸ਼ਾਂ ਤਹਿਤ ਕੰਮ ਕਰ ਰਹੀ ਹੋਰ ਅਧਿਕਾਰਤ ਸੰਸਥਾ ਦੁਆਰਾ ਭੁਗਤਾਨ ਨਾ ਕਰਨ ਦੇ ਮਾਮਲੇ ਵਿੱਚ ਅਦਾਲਤ ਦੁਆਰਾ ਤੁਹਾਡੇ ਖਿਲਾਫ਼ ਕਿਸੇ ਮਾਲੀ ਦੰਡ ਵਸੂਲੀ ਨੂੰ ਲਾਗੂ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ।

## ਅਗਲੇਰੀ ਸਹਾਇਤਾ

ਜੇ ਤੁਹਾਨੂੰ ਇਹ ਫ਼ਾਰਮ ਪੜ੍ਹਨ ਵਿੱਚ ਕੋਈ ਸਮੱਸਿਆਵਾਂ ਹੁੰਦੀਆਂ ਹਨ, ਤਾਂ ਕਿਰਪਾ ਕਰਕੇ ਉਸ ਜੱਜ ਦੀ ਅਦਾਲਤ ਨਾਲ ਸੰਪਰਕ ਕਰੋ ਜਿਸ ਨੇ ਇਹ ਨੋਟਿਸ ਜਾਰੀ ਕੀਤਾ ਜਾਂ ਇਸ ਵੈਬਸਾਈਟ ਤੇ ਜਾਓ: **hmctsformfinder.justice.gov.uk** ਅਤੇ ਆਪਣੀ ਲੋੜੀਂਦੀ ਭਾਸ਼ਾ ਨੂੰ ਖੋਜਨ ਲਈ ਫ਼ਾਰਮ ਨੰਬਰ ਦੇ ਹੇਠਾਂ **MC100 ਟਾਈਪ ਕਰੋ**

**ਵਾਧੂ ਭਾਸ਼ਾਵਾਂ**: ਚੀਨੀ (ਪਰੰਪਰਾਗਤ ਅਤੇ ਸਰਲੀਕ੍ਰਿਤ), ਕ੍ਰੋਏਸ਼ਿਆਈ, ਚੈਕ, ਗ੍ਰੀਕ, ਗੁਜਰਾਤੀ, ਹਿੰਦੀ, ਕੁਰਦ, ਪੋਲਿਸ਼, ਪੰਜਾਬੀ, ਪੁਰਤਗਾਲੀ, ਸਰਬਿਆਈ, ਸਪੈਨਿਸ਼, ਤੁਰਕਿਸ਼, ਉਰਦੂ ਅਤੇ ਵੈਲਸ਼।



MC100 ਯਕੀਨੀ ਬਣਾਓ ਕਿ ਤੁਸੀਂ ਆਪਣੇ ਜੁਰਮਾਨੇ ਦਾ ਭੁਗਤਾਨ ਕਰ ਸਕਦੇ ਹੋ (12.13) © ਕ੍ਰਾਊਨ ਕਾਪੀਰਾਈਟ 2013

HM Courts & Tribunals Service

MC100

# ਸੰਪਤੀਆਂ ਅਤੇ ਹੋਰ ਮਾਲੀ ਹਾਲਾਤ ਦਾ ਬਿਆਨ

## ਯਕੀਨੀ ਬਣਾਓ ਕਿ ਤੁਸੀਂ ਆਪਣੇ ਜੁਰਮਾਨੇ ਦਾ ਭੁਗਤਾਨ ਕਰ ਸਕਦੇ ਹੋ

ਤੁਹਾਨੂੰ ਇਹ ਫ਼ਾਰਮ ਭਰ ਕੇ ਇਸ ਨੂੰ ਜਾਂ ਤਾਂ ਅਦਾਲਤ ਭੇਜਣਾ ਚਾਹੀਦਾ ਹੈ ਜਾਂ ਫੇਰ ਅਦਾਲਤ ਪਹੁੰਚਣ 'ਤੇ ਅਦਾਲਤ ਦੇ ਦਵਾਰਪਾਲ ਨੂੰ ਦੇਣਾ ਚਾਹੀਦਾ ਹੈ। ਜੇ ਤੁਸੀਂ ਅਦਾਲਤ ਨੂੰ ਸੰਪਤੀਆਂ ਅਤੇ ਹੋਰ ਮਾਲੀ ਹਾਲਾਤ ਦਾ ਆਪਣਾ ਬਿਆਨ ਦੇਣ ਵਿੱਚ ਅਸਫਲ ਰਹਿੰਦੇ ਹੋ, ਜਾਂ ਅਦਾਲਤ ਇਸ ਗੱਲ ਤੋਂ ਸੰਤੁਸ਼ਟ ਨਹੀਂ ਹੈ ਕਿ ਇਸ ਨੂੰ ਲੋੜੀਂਦੀ ਭਰੋਸੇਯੋਗ ਜਾਣਕਾਰੀ ਦਿੱਤੀ ਗਈ ਹੈ, ਤਾਂ ਉਸ ਨੂੰ ਤੁਹਾਡੇ ਮਾਲੀ ਹਾਲਾਤ ਬਾਰੇ ਅਜਿਹਾ ਫੈਸਲਾ ਕਰਨ ਦਾ ਹੱਕ ਹੁੰਦਾ ਹੈ ਜੋ ਉਸ ਨੂੰ ਉਚਿਤ ਲੱਗੇ।

**ਨੋਟ ਕਰੋ:** ਇਕ ਸਰਕਾਰੀ ਬੇਨਤੀ ਮਗਰੋਂ ਅਦਾਲਤ ਨੂੰ ਆਪਣੀਆਂ ਸੰਪਤੀਆਂ ਅਤੇ ਮਾਲੀ ਹਾਲਾਤ ਦਾ ਬਿਆਨ ਦੇਣ ਵੇਲੇ, ਇਕ ਝੂਠਾ ਬਿਆਨ ਦੇਣਾ ਜਾਂ ਜਾਣਬੁੱਝ ਕੇ ਅਹਿਮ ਸਚਾਈਆਂ ਦਾ ਖੁਲਾਸਾ ਨਾ ਕਰਨਾ ਇਕ ਅਪਰਾਧ ਹੈ।

ਜੇ ਅਦਾਲਤ ਹੁਕਮ ਦਿੰਦੀ ਹੈ ਕਿ ਤੁਸੀਂ ਜੁਰਮਾਨਾ ਜਾਂ ਹੋਰ ਮਾਲੀ ਦੰਡ ਦਾ ਭੁਗਤਾਨ ਕਰੋ ਤਾਂ ਤੁਹਾਨੂੰ ਅਦਾਲਤ ਦੇ ਹੁਕਮ ਮੁਤਾਬਕ ਭੁਗਤਾਨ ਕਰਨ ਦੀ ਲੋੜ ਹੋਵੇਗੀ, ਇਹ ਦੰਡ ਲਗਾਏ ਜਾਣ ਦੇ ਦਿਨ ਹੋ ਸਕਦਾ ਹੈ। ਕਿਰਪਾ ਕਰਕੇ ਆਪਣੇ ਨਾਲ ਭੁਗਤਾਨ ਵਿਧੀ ਲਿਆਓ

www.gov.uk/crime

ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਜਾਣਬੁੱਝ ਕੇ ਝੂਠਾ ਬਿਆਨ ਦਿੰਦਾ/ਦਿੰਦੀ ਹਾਂ ਜਾਂ ਜਾਣਬੁੱਝ ਕੇ ਕਿਸੇ ਅਹਿਮ ਸਚਾਈਆਂ ਦਾ ਖੁਲਾਸਾ ਨਹੀਂ ਕਰਦਾ/ਕਰਦੀ ਹਾਂ, ਤਾਂ ਇਹ ਇਕ ਅਪਰਾਧ ਹੈ ਜਿਸ ਲਈ ਮੈਨੂੰ ਹੋਰ ਜੁਰਮਾਨਾ ਲੱਗ ਸਕਦਾ ਹੈ।

**ਹਸਤਾਖਰ ਕੀਤੇ**

**ਮਿਤੀ**

## 1. ਵਿਅਕਤੀਗਤ ਵੇਰਵੇ

ਨਾਮ ਦਾ ਪਹਿਲਾ ਹਿੱਸਾ

ਪਰਿਵਾਰ ਦਾ ਨਾਮ

ਪਤਾ

ਪੋਸਟਕੋਡ

ਘਰ ਦਾ ਟੈਲੀਫ਼ੋਨ ਨੰਬਰ

ਮੋਬਾਈਲ ਟੈਲੀਫ਼ੋਨ ਨੰਬਰ

ਈਮੇਲ

ਜਨਮ ਮਿਤੀ

ਨੈਸ਼ਨਲ ਇਨਸ਼ੋਰੈਂਸ ਨੰਬਰ

ਵਾਹਨ ਰਜਿਸਟ੍ਰੇਸ਼ਨ ਨੰਬਰ

ਕੀ ਤੁਸੀਂ ਵਾਹਨ ਦੇ ਰਜਿਸਟਰਡ ਮਾਲਕ ਹੋ? ☐ ਹਾਂ ☐ ਨਹੀ

ਕਿਰਪਾ ਕਰਕੇ ਵੱਡੇ ਅੱਖਰ ਵਰਤੋਂ

**ਤੁਹਾਡੀ ਸਾਰੀ ਆਮਦਨ ਅਤੇ ਖਰਚਿਆਂ ਲਈ**, ਕਿਰਪਾ ਕਰਕੇ ਇਹ ਦਰਸਾਓ ਕਿ ਅੰਕੜੇ ਕਿਸ ਅਧਾਰ 'ਤੇ ਹਨ:

☐ **ਹਫਤਾਵਾਰ** ☐ **ਪੰਦਰਵਾੜੇ** ☐ **ਮਹੀਨਾਵਾਰ**

## 2. ਆਮਦਨ ਦੇ ਵੇਰਵੇ

**ਜੇ ਤੁਸੀਂ ਨੌਕਰੀ ਕਰਦੇ ਹੋ**

ਪੇਸ਼ਾ

ਮਾਲਕ ਦਾ ਨਾਮ

ਮਾਲਕ ਦਾ ਪਤਾ

ਪੋਸਟਕੋਡ

ਮਾਲਕ ਦਾ ਟੈਲੀਫ਼ੋਨ ਨੰਬਰ

ਮੈਂ ਇਸ ਰੂਪ ਵਿੱਚ ਸਵੈ-ਰੁਜ਼ਗਾਰ ਵਿੱਚ ਹਾਂ:

ਤੁਹਾਡੀ ਘਰ ਲਿਜਾਉਣ ਵਾਲੀ ਤਨਖਾਹ £

ਕੋਈ ਹੋਰ ਆਮਦਨ £

**ਕੁੱਲ ਆਮਦਨ** £

**ਜੇ ਤੁਸੀਂ ਨੌਕਰੀ ਨਹੀਂ ਕਰਦੇ**

ਕਿਰਪਾ ਕਰਕੇ ਦੱਸੋ ਕਿ ਕਦੋਂ ਤੋਂ

**ਕੀ ਤੁਹਾਨੂੰ ਬੈਨਿਫ਼ਿਟ ਮਿਲਦੇ ਹਨ?** ☐ ਹਾਂ ☐ ਨਹੀ

ਜੇ ਹਾਂ, ਤਾਂ ਕਿਰਪਾ ਕਰਕੇ ਦੱਸੋ ਕਿ ਤੁਹਾਨੂੰ ਕਿਹੜਾ(ੜੇ) ਬੈਇਫ਼ਿਟ ਮਿਲਦੇ ਹਨ।

## 3. ਖਰਚੇ

ਤੁਸੀਂ ਅਦਾਲਤ ਤੋਂ ਆਪਣਾ ਭੁਗਤਾਨ ਕਰਨ ਲਈ ਵਾਧੂ ਸਮਾਂ ਮੰਗ ਸਕਦੇ ਹੋ। ਜੇ ਤੁਸੀਂ ਅਦਾਲਤ ਤੋਂ ਹੋਰ ਸਮਾਂ ਮੰਗਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਖਰਚਿਆਂ ਦੇ ਵੇਰਵੇ ਅਤੇ ਸਬੂਤ ਦੇਣ ਦੀ ਲੋੜ ਹੋਵੇਗੀ। ਅਦਾਲਤ ਤੁਹਾਡੀ ਬੇਨਤੀ ਤੇ ਵਿਚਾਰ ਕਰੇਗੀ ਪਰ ਹੋ ਸਕਦਾ ਹੈ ਕਿ ਇਸ ਨੂੰ ਸਵੀਕਾਰ ਨਾ ਕਰੇ।

| | |
|---|---|
| ਕਿਰਾਇਆ, ਗਿਰਵੀ ਰੱਖਣਾ ਜਾਂ ਰਿਹਾਇਸ਼ | £ |
| ਕਾਉਂਸਿਲ ਟੈਕਸ | £ |
| ਬੀਮਾ (ਘਰ, ਜੀਵਨ ਆਦਿ) | £ |
| ਬੱਚੇ ਦਾ ਪਾਲਣ-ਪੋਸ਼ਣ | £ |
| ਸਫ਼ਰ ਦੇ ਖਰਚੇ (ਫਿਊਲ, ਕਾਰ, ਜਨਤਕ ਆਵਾਜਾਈ ਆਦਿ) | £ |
| ਸਹੂਲਤ ਦੇ ਬਿੱਲ (ਗੈਸ, ਪਾਣੀ, ਬਿਜਲੀ ਆਦਿ) | £ |
| ਟੈਲੀਫ਼ੋਨ (ਮੋਬਾਈਲ ਸਮੇਤ) | £ |
| ਟੈਲੀਵਿਜ਼ਨ ਗਾਹਕੀ (ਲਾਇਸੈਂਸ, ਸੈਟੇਲਾਇਟ ਆਦਿ) | £ |
| ਹੋਰ ਜੁਰਮਾਨੇ *(ਕਿਰਪਾ ਕਰਕੇ ਅਦਾਲਤ ਸਪੱਸ਼ਟ ਕਰੇ)* | £ |
| ............ | £ |
| ............ | £ |
| ਕਾਉਂਟੀ ਕੋਰਟ ਦੇ ਹੁਕਮ | £ |
| ਲੋਨ ਦੀਆਂ ਵਾਪਸੀ ਅਦਾਇਗੀਆਂ (ਕ੍ਰੈਡਿਟ ਕਾਰਡ, ਬੈਂਕ ਆਦਿ) | £ |
| ਹੋਰ ਖਰਚੇ *(ਕਿਰਪਾ ਕਰਕੇ ਦੱਸੋ)* | |
| ............ | £ |
| ............ | £ |
| ............ | £ |
| ............ | £ |
| **ਕੁੱਲ ਖਰਚੇ** | £ |

## ਸੰਪਤੀਆਂ ਅਤੇ ਹੋਰ ਮਾਲੀ ਹਾਲਾਤ ਦਾ ਬਿਆਨ

ਜੇ ਅਦਾਲਤ ਕੋਈ ਜੁਰਮਾਨਾ ਜਾਂ ਹੋਰ ਮਾਲੀ ਦੰਡ ਲਗਾਉਂਦੀ ਹੈ, ਤਾਂ ਤੁਹਾਨੂੰ ਉਸੇ ਦਿਨ ਭੁਗਤਾਨ ਕਰਨ ਦੀ ਲੋੜ ਹੋਵੇਗੀ। ਅਦਾਲਤ ਨੂੰ ਆਪਣੀਆਂ ਸੰਪਤੀਆਂ ਅਤੇ ਮਾਲੀ ਹਾਲਾਤ ਦਾ ਸਬੂਤ ਮੁਹੱਈਆ ਕਰੋ

## 4. ਹੋਰ ਜਾਣਕਾਰੀ

ਕੁੱਲ ਬਚਤਾਂ £

ਬੈਨਿਫ਼ਿਟਾਂ ਸਮੇਤ ਸਾਥੀ ਦੀ ਆਮਦਨੀ £

ਨਿਰਭਰ ਬੱਚਿਆਂ ਦੀ ਗਿਣਤੀ

ਕਿਰਪਾ ਕਰਕੇ ਇੱਥੇ ਕੋਈ ਹੋਰ ਜਾਣਕਾਰੀ ਸ਼ਾਮਲ ਕਰੋ (ਉਦਾਹਰਣ ਲਈ, ਉਪਰ ਜ਼ਿਕਰ ਨਾ ਕੀਤੀਆਂ ਕੋਈ ਸੰਪਤੀਆਂ) ਜਿਸ ਬਾਰੇ ਤੁਸੀਂ ਮੰਨਦੇ ਹੋ ਕਿ ਅਦਾਲਤ ਨੂੰ ਪਤਾ ਹੋਣਾ ਚਾਹੀਦਾ ਹੈ:

**ਸਿਰਫ਼ ਦਫਤਰੀ ਵਰਤੋਂ ਲਈ**

ਕੇਸ ਨੰਬਰ

ਸੁਣਵਾਈ ਦੀ ਮਿਤੀ